0435CH02



# 2 ਆਪਣੇ ਆਲ਼ੇ-ਦੁਆਲ਼ੇ ਨਾਲ਼ ਜਾਣ-ਪਛਾਣ

## ਘਰ ਵੱਲ ਵਾਪਸ ਆਉਂਦੇ ਹੋਏ

ਕਲਾਸਾਂ ਖ਼ਤਮ ਹੋ ਗਈਆਂ ਅਤੇ ਸਕੂਲ ਦੀ ਘੰਟੀ ਵੱਜੀ। ਵਿਦਿਆਰਥੀਆਂ ਨੇ ਉਤਸ਼ਾਹ ਨਾਲ਼ ਉਹਨਾਂ ਸ਼ਾਨਦਾਰ ਕਿਤਾਬਾਂ ਬਾਰੇ ਗੱਲ ਕੀਤੀ ਜੋ ਉਹਨਾਂ ਦੇ ਅਧਿਆਪਕਾਂ ਨੇ ਲਾਇਬ੍ਰੇਰੀ ਵਿੱਚ ਦਿਖਾਈਆਂ। ਸਕੂਲ ਦੀਆਂ ਬੱਸਾਂ ਅਤੇ ਈ-ਰਿਕਸ਼ੇ ਗੇਟ 'ਤੇ ਖੜ੍ਹੇ ਉਡੀਕ ਰਹੇ ਸਨ।

ਨਵਿਆ ਨੇ ਆਪਣੇ ਦਾਦਾ ਜੀ ਨੂੰ ਸਕੂਲ ਦੇ ਗੇਟ ਦੇ ਬਾਹਰ ਖੜ੍ਹੇ ਵੇਖਿਆ। ਉਹ ਭੱਜ ਕੇ ਉਹਨਾਂ ਕੋਲ਼ ਗਈ, "ਦਾਦਾ ਜੀ, ਆਓ ਅੱਜ ਬਜ਼ਾਰ ਵਾਲ਼ੇ ਰਸਤੇ ਚਲਦੇ ਹਾਂ !"

ਉਹ ਬੱਸ ਅੱਡੇ ਵੱਲ ਤੁਰ ਪਏ, ਜਿੱਥੇ ਕੁਝ ਲੋਕ ਪਹਿਲਾਂ ਹੀ ਬੱਸ ਦੀ ਉਡੀਕ ਕਰ ਰਹੇ ਸਨ।




© NCERT not to be republished

ਇੱਕ ਬੱਸ ਰੁਕੀ, ਦਰਵਾਜ਼ੇ ਖੁਲ੍ਹ ਗਏ ਤੇ ਸਾਰੇ ਲੋਕ ਇੱਕ-ਇੱਕ ਕਰਕੇ ਬੱਸ ਵਿੱਚ ਚੜ੍ਹ ਗਏ। ਨਵਿਆ ਨੂੰ ਖਿੜਕੀ ਵਾਲ਼ੀ ਸੀਟ ਮਿਲ਼ ਗਈ ਤੇ ਉਹ ਬਾਹਰ ਲੋਕਾਂ ਨੂੰ ਵੇਖਣ ਲੱਗ ਪਈ।

ਜਦੋਂ ਬੱਸ, ਕੋਨੇ ‘ਤੇ ਰੱਖੇ ਹੋਏ ਲਾਲ ਰੰਗ ਦੇ ਡਾਕ ਬਕਸੇ ਕੋਲ਼ੋਂ ਲੰਘ ਰਹੀ ਸੀ ਤਾਂ ਨਵਿਆ ਨੇ ਉਸ ਵੱਲ ਇਸ਼ਾਰਾ ਕਰਦੇ ਹੋਏ ਕਿਹਾ,“ ਵੇਖੋ, ਦਾਦਾ ਜੀ, ਡਾਕ ਬਕਸਾ!




ਦਾਦਾ ਜੀ ਨੇ ਕਿਹਾ, “ਹਾਂ ਨਵਿਆ। ਤੂੰ ਇੱਕ ਚਿੱਠੀ ਲਿਖ ਕੇ ਇੱਥੇ ਪੋਸਟ ਕਰ ਸਕਦੀ ਹੈਂ।” ਉਹਨਾਂ ਨੇ ਹੋਰ ਦੱਸਿਆ, “ਜਦੋਂ ਮੈਂ ਛੋਟਾ ਸੀ, ਮੈਂ ਆਪਣੇ ਭਰਾ ਨੂੰ ਚਿੱਠੀਆਂ ਲਿਖਦਾ ਹੁੰਦਾ ਸੀ, ਜੋ ਕਿ ਕਿਸੇ ਹੋਰ ਸ਼ਹਿਰ ਵਿੱਚ ਪੜ੍ਹਦਾ ਸੀ। ਮੈਂ ਉਹ ਚਿੱਠੀਆਂ ਡਾਕ ਬਕਸੇ ਵਿੱਚ ਪਾ ਦਿੰਦਾ ਸੀ। ਫਿਰ ਡਾਕੀਆ ਉਹਨਾਂ ਨੂੰ ਡਾਕਖ਼ਾਨੇ ਲੈ ਜਾਂਦਾ ਸੀ। ਡਾਕਖ਼ਾਨੇ ਵਿੱਚ ਚਿੱਠੀਆਂ ਨੂੰ ਇਲਾਕਿਆਂ ਅਨੁਸਾਰ ਛਾਂਟ ਕੇ ਉਹਨਾਂ ਦੀ ਮੰਜ਼ਿਲ ਵੱਲ ਭੇਜਿਆ ਜਾਂਦਾ ਸੀ। ਡਾਕਖ਼ਾਨੇ ਹੋਰ ਵੀ ਕਈ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ”।

## ਗਤੀਵਿਧੀ 1

1. ਇੱਕ ਦੋਸਤ ਨੂੰ ਚਿੱਠੀ ਲਿਖੋ ਅਤੇ ਪੋਸਟ ਕਰੋ।
2. ਅਧਿਆਪਕ ਵਿਦਿਆਰਥੀਆਂ ਨੂੰ ਡਾਕਖ਼ਾਨੇ ਦੀ ਸੈਰ ਲਈ ਲੈ ਕੇ ਜਾ ਸਕਦੇ ਹਨ, ਤਾਂ ਜੋ ਉਹ ਉੱਥੇ ਹੋਣ ਵਾਲ਼ੀਆਂ ਵੱਖ-ਵੱਖ ਗਤੀਵਿਧੀਆਂ ਬਾਰੇ ਜਾਣੂ ਹੋ ਸਕਣ।

**ਅਧਿਆਪਕ ਲਈ ਨੋਟ**

ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੋ ਕਿ ਉਹ ਦੋ ਦਾ ਜੁੱਟ ਬਣਾ ਕੇ ਜਾਂ ਤਿੰਨ ਵਿਦਿਆਰਥੀਆਂ ਦੇ ਗਰੁੱਪ ਵਿੱਚ ਵਾਰੀ ਸਿਰ ਇੱਕ ਦੂਜੇ ਨੂੰ ਚਿੱਠੀ ਲਿਖਣ, ਤਾਂ ਜੋ ਸਾਰੇ ਵਿਦਿਆਰਥੀ ਚਿੱਠੀਆਂ ਭੇਜਣ ਤੇ ਪ੍ਰਾਪਤ ਵੀ ਕਰਨ। ਇਸ ਪਿੱਛੇ ਵਿਚਾਰ ਇਹ ਹੈ ਕਿ ਵਿਦਿਆਰਥੀ ਚਿੱਠੀ ਲਿਖਣ ਦਾ ਤਜਰਬਾ ਲੈਣ ਅਤੇ ਚਿੱਠੀਆਂ ਭੇਜਣ ਤੇ ਪ੍ਰਾਪਤੀ ਦੇ ਚਾਅ ਨੂੰ ਮਾਣਨ। ਵਿਦਿਆਰਥੀਆਂ ਨੂੰ ਆਪਣੇਪਣ ਅਤੇ ਆਪਸੀ ਗੱਲਬਾਤ ਦੀ ਮਹੱਤਤਾ ਬਾਰੇ ਸਮਝਾਓ।

© NCERT not to be republished

## ਲਿਖੋ

1. ਕੀ ਤੁਸੀਂ ਜਾਂ ਤੁਹਾਡੇ ਪਰਿਵਾਰ ‘ਚੋਂ ਕਿਸੇ ਨੇ ਕਦੇ ਚਿੱਠੀ ਜਾਂ ਪਾਰਸਲ ਭੇਜਿਆ ਜਾਂ ਪ੍ਰਾਪਤ ਕੀਤਾ ਹੈ?
2. ਡਾਕਖ਼ਾਨਾ ਲੋਕਾਂ ਨੂੰ ਇਕ ਦੂਜੇ ਨਾਲ਼ ਜੁੜੇ ਰਹਿਣ ਵਿੱਚ ਕਿਵੇਂ ਮਦਦ ਕਰਦਾ ਹੈ?

### ਕੀ ਤੁਸੀਂ ਜਾਣਦੇ ਹੋ?

ਬਹੁਤ ਸਮਾਂ ਪਹਿਲਾਂ, ਲੋਕ ਢੋਲ ਦੀ ਥਾਪ ਅਤੇ ਚੱਟਾਨਾਂ ‘ਤੇ ਨੱਕਾਸ਼ੀਆਂ ਦੀ ਵਰਤੋਂ ਕਰਕੇ ਸੰਚਾਰ ਕਰਦੇ ਸਨ।







ਉਸ ਤੋਂ ਬਾਅਦ, ਲੋਕ ਚਿੱਠੀਆਂ ਭੇਜਣ ਲਈ ਦੂਤ ਅਤੇ ਕਬੂਤਰਾਂ ਦਾ ਇਸਤੇਮਾਲ ਕਰਨ ਲੱਗੇ।

ਬਹੁਤ ਬਾਅਦ ਵਿੱਚ, ਡਾਕ-ਸੇਵਾ ਹੋਂਦ ਵਿੱਚ ਆਈ। ਇਸ ਦੀ ਵਰਤੋਂ ਦੂਜਿਆਂ ਨੂੰ ਚਿੱਠੀਆਂ, ਪਾਰਸਲ ਅਤੇ ਜ਼ਰੂਰੀ ਕਾਗਜ਼ ਭੇਜਣ ਲਈ ਕੀਤੀ ਜਾਂਦੀ ਸੀ।







ਸਮੇਂ ਦੇ ਨਾਲ਼, ਟੈਲੀਫ਼ੋਨ, ਰੇਡੀਓ ਅਤੇ ਟੈਲੀਵਿਜ਼ਨ ਵਰਗੀਆਂ ਨਵੀਆਂ ਖੋਜਾਂ ਨੇ ਸੰਚਾਰ (ਸੰਪਰਕ ਸਥਾਪਿਤ) ਕਰਨਾ ਅਤੇ ਜਾਣਕਾਰੀ ਸਾਂਝੀ ਕਰਨਾ ਹੋਰ ਸੌਖਾ ਕਰ ਦਿੱਤਾ।



ਅੱਜ ਸਾਡੇ ਕੋਲ਼ ਮੋਬਾਈਲ ਫ਼ੋਨ ਅਤੇ ਕੰਪਿਊਟਰ ਹਨ, ਜਿਨ੍ਹਾਂ ਵਿੱਚ ਇੰਟਰਨੈੱਟ ਦੀ ਵਰਤੋਂ ਹੁੰਦੀ ਹੈ। ਇੰਟਰਨੈੱਟ ਸਾਨੂੰ ਸਕਿੰਟਾਂ ਵਿੱਚ ਕਿਸੇ ਵੀ ਵਿਅਕਤੀ ਨਾਲ਼, ਕਿਸੇ ਵੀ ਥਾਂ ਤੋਂ ਜੁੜਨ ਵਿੱਚ ਸਹਾਇਤਾ ਕਰਦਾ ਹੈ।

© NCERT not to be republished

"ਕੀ ਤੁਹਾਡੇ ਕੋਲ਼ ਮੋਬਾਈਲ ਫ਼ੋਨ ਨਹੀਂ ਸੀ?" ਨਵਿਆ ਨੇ ਪੁੱਛਿਆ। ਦਾਦਾ ਜੀ ਹੱਸ ਪਏ, "ਨਹੀਂ ਨਵਿਆ। ਪਹਿਲਾਂ ਅਸੀਂ ਚਿੱਠੀਆਂ ਲਿਖਦੇ ਸੀ। ਕਈ ਵਾਰੀ ਜਵਾਬ ਆਉਣ ਵਿੱਚ ਹਫ਼ਤੇ ਲੱਗ ਜਾਂਦੇ ਸਨ। "ਇਹ ਤਾਂ ਬਹੁਤ ਲੰਮਾ ਸਮਾਂ ਹੈ!" ਨਵਿਆ ਨੇ ਕਿਹਾ। ਦਾਦਾ ਜੀ ਨੇ ਜਵਾਬ ਦਿੱਤਾ, "ਹਾਂ, ਮੋਬਾਈਲ ਫ਼ੋਨ ਤੇ ਈਮੇਲ ਨਾਲ਼ ਹੁਣ ਸੰਚਾਰ ਦੀ ਗਤੀ ਬਹੁਤ ਤੇਜ਼ ਹੋ ਗਈ ਹੈ। ਹਾਲਾਂਕਿ ਕਈ ਵਾਰੀ ਮੈਨੂੰ ਆਪਣੇ ਹੱਥ ਨਾਲ਼ ਲਿਖੀ ਚਿੱਠੀ ਭੇਜਣ ਜਾਂ ਮਿਲ਼ਣ 'ਤੇ ਪ੍ਰਾਪਤ ਹੁੰਦੀ ਖੁਸ਼ੀ ਬਹੁਤ ਯਾਦ ਆਉਂਦੀ ਹੈ।"

**ਗਤੀਵਿਧੀ 2**

## ਵੱਡਿਆਂ ਨਾਲ਼ ਇੰਟਰਵਿਊ


1. ਇਲਾਕੇ ਵਿੱਚ ਆਪਣੇ ਵੱਡਿਆਂ ਨਾਲ਼ ਗੱਲਬਾਤ ਕਰੋ ਅਤੇ ਪਤਾ ਕਰੋ ਕਿ ਜਦੋਂ ਉਹ ਤੁਹਾਡੀ ਉਮਰ ਦੇ ਸਨ, ਤਾਂ ਉਹ ਆਪਸ ਵਿੱਚ ਸੰਪਰਕ ਕਿਵੇਂ ਸਥਾਪਿਤ ਕਰਦੇ ਸਨ। ਉਹਨਾਂ ਦੇ ਜਵਾਬਾਂ ਦੀ ਤੁਲਨਾ ਆਪਣੇ ਅਤੇ ਆਪਣੇ ਦੋਸਤਾਂ ਦੇ ਅੱਜ-ਕੱਲ੍ਹ ਦੇ ਸੰਚਾਰ ਦੇ ਢੰਗਾਂ ਨਾਲ਼ ਕਰੋ, ਅਤੇ ਹੇਠਾਂ ਦਿੱਤੀ ਸਾਰਨੀ ਭਰੋ।

| ਸ਼੍ਰੇਣੀ | ਪੁਰਾਣੇ ਸਮਿਆਂ ਵਿੱਚ ਸੰਚਾਰ | ਵਰਤਮਾਨ ਸਮੇਂ ਵਿੱਚ ਸੰਚਾਰ |
|---|---|---|
| ਸੰਚਾਰ ਦੀ ਕਿਸਮ | ਪੱਤਰ, ਤਾਰ (ਟੈਲੀਗ੍ਰਾਮ) | ਇੰਟਰਨੈਟ,ਸੋਸ਼ਲ ਮੀਡੀਆ, ਲਿਖਤ ਸੁਨੇਹਾ (ਟੈਕਸਟ) |
| ਸੰਚਾਰ ਦੀ ਗਤੀ | | |
| ਸੰਚਾਰ ਦੀ ਆਵ੍ਰਿਤੀ | | |
| ਸੰਚਾਰ ਦੀ ਭਾਸ਼ਾ | | |
| ਪੇਸ਼ ਆਉਂਦੀਆਂ ਚੁਣੌਤੀਆਂ | | |

© NCERT not to be republished

ਸਮੇਂ ਦੇ ਨਾਲ਼ ਲੋਕਾਂ ਦੇ ਸੰਚਾਰ ਕਰਨ ਦੇ ਢੰਗ ਵਿਕਸਤ ਹੋਏ ਹਨ। ਜਿੱਥੇ ਪਹਿਲਾਂ ਚਿੱਠੀਆਂ ਰਾਹੀਂ ਸੰਚਾਰ ਕੀਤਾ ਜਾਂਦਾ ਸੀ, ਅੱਜ-ਕੱਲ੍ਹ ਮੋਬਾਈਲ ਸੰਦੇਸ਼ਾਂ ਤੇ ਵੀਡੀਓ ਕਾਲਾਂ ਰਾਹੀਂ ਸੰਚਾਰ ਬਹੁਤ ਤੇਜ਼ ਹੋ ਗਿਆ ਹੈ। ਤਕਨਾਲੋਜੀ ਨੇ ਸਾਡਾ ਸਾਰਿਆਂ ਨਾਲ਼ ਜੁੜੇ ਰਹਿਣਾ ਸੌਖਾ ਬਣਾ ਦਿੱਤਾ ਹੈ।

**ਚਰਚਾ ਕਰੋ**



1. ਪੁਰਾਣੇ ਸਮੇਂ ਵਿੱਚ ਚਿੱਠੀਆਂ ਨੂੰ ਲੋਕਾਂ ਤੱਕ ਪਹੁੰਚਣ ਵਿੱਚ ਬਹੁਤ ਸਮਾਂ ਲੱਗਦਾ ਸੀ। ਤੁਹਾਨੂੰ ਕੀ ਲੱਗਦਾ ਹੈ ਕਿ ਇਸ ਵਿਵਸਥਾ ਨੇ ਪੁਰਾਣੇ ਸਮੇਂ ਦੌਰਾਨ ਲੋਕਾਂ ਦਰਮਿਆਨ ਸੰਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ?
2. ਇਹ ਲੋਕਾਂ ਦੇ ਅੱਜ-ਕੱਲ੍ਹ ਦੇ ਸੰਚਾਰ-ਢੰਗਾਂ ਨਾਲੋਂ ਕਿਵੇਂ ਵੱਖਰਾ ਹੈ?
3. ਅੱਜ ਤੁਰੰਤ ਸੁਨੇਹਿਆਂ ਨੇ ਖ਼ਬਰਾਂ ਸਾਂਝੀਆਂ ਕਰਨਾ ਸੌਖਾ ਕਰ ਦਿੱਤਾ ਹੈ, ਪਰ ਕਈ ਵਾਰੀ ਗ਼ਲਤ ਸੂਚਨਾ ਵੀ ਤੁਰੰਤ ਫੈਲ ਜਾਂਦੀ ਹੈ। ਅਸੀਂ ਇਹ ਕਿਵੇਂ ਯਕੀਨੀ ਬਣਾ ਸਕਦੇ ਹਾਂ ਕਿ ਸਾਡੀ ਸਾਂਝੀ ਕੀਤੀ ਖ਼ਬਰ ਸੱਚੀ ਹੈ?



ਬੱਸ ਨੇ ਮੋੜ ਕੱਟਿਆ ਅਤੇ ਨਵਿਆ ਨੇ ਇੱਕ ਮੈਟਰੋ ਟਰੇਨ ਨੂੰ ਲੰਘਦੇ ਦੇਖਿਆ। "ਉਸ ਨੂੰ ਦੇਖੋ! ਟਰੇਨ ਬਹੁਤ ਤੇਜ਼ ਚੱਲ ਰਹੀ ਹੈ", ਉਸ ਨੇ ਹੈਰਾਨੀ ਨਾਲ਼ ਕਿਹਾ।

"ਨਵਿਆ, ਮੈਟਰੋ ਟਰੇਨ ਬਹੁਤ ਤੇਜ਼ ਚਲਦੀ ਹੈ। ਇਸ ਤੋਂ ਇਲਾਵਾ, ਕੁਝ ਉੱਚੀਆਂ ਸੜਕਾਂ ਹਨ, ਜਿਨ੍ਹਾਂ ਨੂੰ ਫਲਾਈਓਵਰ ਕਿਹਾ ਜਾਂਦਾ ਹੈ। ਇਹ ਗੱਡੀਆਂ ਨੂੰ ਭੀੜ ਵਾਲ਼ੀਆਂ ਸੜਕਾਂ ਅਤੇ ਚੌਰਾਹਿਆਂ ਦੇ ਉੱਪਰੋਂ ਦੀ ਲੰਘਣ ਵਿੱਚ ਸਹਾਈ ਹੁੰਦੇ ਹਨ। ਇਸ ਤਰ੍ਹਾਂ ਇਹ ਯਾਤਰੀਆਂ ਦਾ ਸਮਾਂ ਬਚਾਉਂਦੀਆਂ ਹਨ।"

**ਅਧਿਆਪਕ ਲਈ ਨੋਟ**

ਜਿਨ੍ਹਾਂ ਵਿਦਿਆਰਥੀਆਂ ਨੇ ਮੈਟਰੋ ਟਰੇਨ ਰਾਹੀਂ ਸਫ਼ਰ ਕੀਤਾ ਹੈ, ਉਹਨਾਂ ਨੂੰ ਆਪਣੇ ਤਜਰਬੇ ਸਾਂਝੇ ਕਰਨ ਲਈ ਉਤਸ਼ਾਹਿਤ ਕਰੋ, ਜਿਸ ਵਿੱਚ ਉਹ ਦੱਸਣ ਕਿ ਉਹਨਾਂ ਨੇ ਕੀ ਦੇਖਿਆ, ਉਹਨਾਂ ਨੂੰ ਟਿਕਟਾਂ ਕਿਵੇਂ ਮਿਲੀਆਂ ਅਤੇ ਉਹਨਾਂ ਨੂੰ ਕੀ ਦਿਲਚਸਪ ਲੱਗਿਆ।

© NCERT not to be republished

ਕੁਝ ਫ਼ਲਾਈਓਵਰ ਮੈਟਰੋ ਲਈ ਬਣਾਏ ਜਾਂਦੇ ਹਨ, ਅਤੇ ਕੁਝ ਗੱਡੀਆਂ ਅਤੇ ਬੱਸਾਂ ਲਈ," ਦਾਦਾ ਜੀ ਨੇ ਸਮਝਾਇਆ।

ਦਾਦਾ ਜੀ ਨੇ ਅੱਗੇ ਕਿਹਾ, "ਫ਼ਲਾਈਓਵਰ ਅਤੇ ਮੈਟਰੋ ਵਰਗੀਆਂ ਆਧੁਨਿਕ ਸੁਵਿਧਾਵਾਂ ਅਤੇ ਸੇਵਾਵਾਂ ਨੇ ਸਾਡੀ ਜ਼ਿੰਦਗੀ ਸੌਖੀ ਬਣਾ ਦਿੱਤੀ ਹੈ। ਹਾਲਾਂਕਿ ਇਹਨਾਂ ਤਬਦੀਲੀਆਂ ਕਰਕੇ ਕਈ ਜਾਨਵਰ, ਪੰਛੀ ਤੇ ਦਰਖ਼ਤ ਹੁਣ ਨਹੀਂ ਰਹੇ, ਜੋ ਕਦੇ ਇੱਥੇ ਹੁੰਦੇ ਸਨ।"

ਨਵਿਆ ਨੇ ਉੱਤਰ ਦਿੱਤਾ, "ਮੈਂ ਸੋਚਦੀ ਹਾਂ ਕਿ ਕੀ ਅਸੀਂ ਆਪਣਾ ਵਾਤਾਵਰਨ ਸੁਰੱਖਿਅਤ ਰੱਖਦੇ ਹੋਏ ਵੀ ਅਜਿਹੀਆਂ ਨਵੀਆਂ ਚੀਜ਼ਾਂ ਬਣਾ ਸਕਦੇ ਹਾਂ?"



ਦਾਦਾ ਜੀ ਨੇ ਕਿਹਾ, "ਹਾਂ, ਇਹ ਸੰਤੁਲਨ ਬਣਾ ਕੇ ਸੰਭਵ ਹੋ ਸਕਦਾ ਹੈ। ਜੇਕਰ ਅਸੀਂ ਰੁੱਖ ਲਗਾਉਂਦੇ ਹਾਂ, ਤਾਂ ਅਸੀਂ ਆਪਣੇ ਵਾਤਾਵਰਨ ਨੂੰ ਸੁਰੱਖਿਅਤ ਰੱਖ ਸਕਦੇ ਹਾਂ।"

## ਲਿਖੋ

1. ਤੁਸੀਂ ਸਭ ਤੋਂ ਵੱਧ ਕਿਹੜਾ ਆਵਾਜਾਈ ਦਾ ਸਾਧਨ ਵਰਤਦੇ ਹੋ?
2. ਕੀ ਤੁਸੀਂ ਤਸਵੀਰਾਂ ਵਿੱਚ ਦਰਸਾਈਆਂ ਆਕ੍ਰਿਤੀਆਂ ਨੂੰ ਪਛਾਣ ਸਕਦੇ ਹੋ ਅਤੇ ਦੱਸ ਸਕਦੇ ਹੋ ਕਿ ਇਹਨਾਂ ਨੇ ਯਾਤਰਾ ਵਿੱਚ ਕਿਵੇਂ ਤੇਜ਼ੀ ਲਿਆਂਦੀ ਅਤੇ ਸੰਪਰਕ ਵਿਵਸਥਾ ਨੂੰ ਬਿਹਤਰ ਕਿਵੇਂ ਬਣਾਇਆ?







© NCERT not to be republished

## ਪਤਾ ਕਰੋ

ਜਦੋਂ ਤੁਹਾਡੇ ਮਾਪੇ ਅਤੇ ਦਾਦਾ-ਦਾਦੀ ਤੁਹਾਡੀ ਉਮਰ ਦੇ ਸਨ, ਤਾਂ ਉਹ ਸਕੂਲ ਜਾਂ ਹੋਰ ਥਾਵਾਂ ‘ਤੇ ਕਿਵੇਂ ਜਾਂਦੇ ਸਨ? ਕੀ ਇਹ ਤੁਹਾਡੇ ਯਾਤਰਾ ਕਰਨ ਦੇ ਅੱਜ ਦੇ ਤਰੀਕੇ ਤੋਂ ਵੱਖਰਾ ਹੈ? ਇਸ ਨੂੰ ਹੇਠਾਂ ਲਿਖੋ।

| ਤੁਹਾਡੇ | ਮਾਤਾ - ਪਿਤਾ ਦੇ | ਦਾਦਾ-ਦਾਦੀ / ਨਾਨਾ-ਨਾਨੀ ਦੇ |
|---|---|---|
| | | |

ਕੁਝ ਸਮਾਂ ਬਾਅਦ, ਕੁਝ ਲੋਕ ਇੱਕ ਬੱਸ-ਸਟਾਪ ‘ਤੇ ਉਤਰੇ ਜੋ ਹਸਪਤਾਲ ਦੇ ਨੇੜੇ ਸੀ। ਨਵਿਆ ਨੇ ਹਸਪਤਾਲ ਦੇ ਬਾਹਰ ਇੱਕ ਬੈਨਰ ਦੇਖਿਆ ਜਿਸ ‘ਤੇ ਲਿਖਿਆ ਸੀ, “ਅੱਖਾਂ ਦੀ ਜਾਂਚ ਲਈ ਕੈਂਪ”। ਬਹੁਤ ਸਾਰੇ ਲੋਕ ਉਸ ਹਸਪਤਾਲ ਵੱਲ ਜਾ ਰਹੇ ਸਨ।

“ਇਹ ਕੀ ਹੈ? ਇੱਥੇ ਇੰਨੇ ਸਾਰੇ ਲੋਕ ਕਿਉਂ ਆ ਰਹੇ ਹਨ?” ਉਸ ਨੇ ਪੁੱਛਿਆ, ਉਸ ਦੀਆਂ ਅੱਖਾਂ ਹੈਰਾਨੀ ਨਾਲ਼ ਵੱਡੀਆਂ ਹੋ ਗਈਆਂ।

ਦਾਦਾ ਜੀ ਨੇ ਕਿਹਾ, “ਨਵਿਆ, ਇਹ ਹਸਪਤਾਲ ਹੈ। ਲੋਕ ਇੱਥੇ ਉਦੋਂ ਆਉਂਦੇ ਹਨ ਜਦੋਂ ਉਹ ਬਿਮਾਰ ਹੁੰਦੇ ਹਨ। ਕੁਝ ਸਾਲ ਪਹਿਲਾਂ ਮੈਂ ਤੇਰੇ ਦਾਦੀ ਜੀ ਨੂੰ ਉਹਦੀਆਂ ਅੱਖਾਂ ਦੇ ਅਪਰੇਸ਼ਨ ਲਈ ਇੱਥੇ ਲੈ ਕੇ ਆਇਆ ਸੀ। ਡਾਕਟਰਾਂ ਨੇ ਉਹਨਾਂ ਦੀ ਅੱਖਾਂ ਦੀ ਨਜ਼ਰ ਬਿਹਤਰ ਕਰ ਦਿੱਤੀ, ਜਿਸ ਨਾਲ਼ ਉਹਨਾਂ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਆਇਆ। ਇਹ ਹਸਪਤਾਲ ਸਾਡੇ ਸਮੁਦਾਇ ਦਾ ਬਹੁਤ ਮਹੱਤਵਪੂਰਨ ਹਿੱਸਾ ਹੈ। ਅੱਜ ਇਹ ਅੱਖਾਂ ਦੀ ਜਾਂਚ ਲਈ ਕੈਂਪ ਦਾ ਆਯੋਜਨ ਕਰ ਰਿਹਾ ਹੈ।”

## ਲਿਖੋ

ਹਸਪਤਾਲ ਜਾਂ ਸਿਹਤ ਕੇਂਦਰ ਵਿੱਚ ਕੰਮ ਕਰਨ ਵਾਲ਼ੇ ਲੋਕਾਂ ਦੀ ਸੂਚੀ ਬਣਾਓ ਅਤੇ ਹੇਠਾਂ ਦਿੱਤੀ ਸਾਰਨੀ ਵਿੱਚ ਉਹਨਾਂ ਦੀ ਭੂਮਿਕਾ ਲਿਖੋ। ਸਾਰਨੀ ਵਿੱਚ ਇੱਕ ਉਦਾਹਰਨ ਦਿੱਤੀ ਗਈ ਹੈ।

| ਡਾਕਟਰ | ਹਸਪਤਾਲ ਜਾਂ ਸਿਹਤ ਕੇਂਦਰ ਵਿੱਚ ਭੂਮਿਕਾ |
|---|---|
| ਡਾਕਟਰ | ਮਰੀਜ਼ਾਂ ਦਾ ਇਲਾਜ ਕਰਨਾ ਅਤੇ ਦਵਾਈਆਂ ਲਿਖਣਾ |
| ਨਰਸ | |
| | |
| | |

© NCERT not to be republished

## ਭਵਿੱਖ ਲਈ ਬਚਤ

ਬੱਸ ਉਹਨਾਂ ਦੇ ਘਰ ਦੇ ਨੇੜੇ ਬੱਸ ਸਟਾਪ 'ਤੇ ਰੁਕੀ। ਦਾਦਾ ਜੀ ਅਤੇ ਨਵਿਆ ਬੱਸ ਤੋਂ ਉਤਰੇ। ਘਰ ਵੱਲ ਪਰਤਦਿਆਂ, ਉਹ ਇੱਕ ਬੈਂਕ ਦੇ ਕੋਲ਼ ਦੀ ਲੰਘੇ ਜਿੱਥੇ ਇੱਕ ਏਟੀਐੱਮ ਸੀ।

"ਇਹ ਕਿਹੜੀ ਮਸ਼ੀਨ ਹੈ, ਦਾਦਾ ਜੀ?", ਨਵਿਆ ਨੇ ਉਤਸੁਕਤਾ ਨਾਲ਼ ਪੁੱਛਿਆ। "ਇਹ ਇੱਕ ਏਟੀਐੱਮ ਹੈ, ਜੋ ਕਿ 'ਆਟੋਮੇਟਿਡ ਟੈਲਰ ਮਸ਼ੀਨ' ਦਾ ਛੋਟਾ ਨਾਂ ਹੈ", ਦਾਦਾ ਜੀ ਨੇ ਸਮਝਾਇਆ। "ਇਹ ਸਾਨੂੰ ਲੋੜ ਪੈਣ ਵੇਲੇ ਪੈਸੇ ਕਢਵਾਉਣ ਵਿੱਚ ਮਦਦ ਕਰਦੀ ਹੈ।"

ਨਵਿਆ ਨੇ ਪੁੱਛਿਆ, "ਪਰ ਦਾਦਾ ਜੀ, ਅਸੀਂ ਆਪਣਾ ਪੈਸਾ ਬੈਂਕ ਵਿੱਚ ਕਿਉਂ ਰੱਖਦੇ ਹਾਂ?"



ਦਾਦਾ ਜੀ ਨੇ ਕਿਹਾ, "ਬੈਂਕ ਇੱਕ ਖ਼ਾਸ ਥਾਂ ਹੈ, ਜਿੱਥੇ ਪੈਸਾ ਸੁਰੱਖਿਅਤ ਰੱਖਿਆ ਜਾਂਦਾ ਹੈ। ਇਹ ਸਾਡੇ ਭਵਿੱਖ ਦੀਆਂ ਜ਼ਰੂਰਤਾਂ ਲਈ ਪੈਸਾ ਬਚਾਉਣ ਵਿੱਚ ਵੀ ਸਾਡੀ ਸਹਾਇਤਾ ਕਰਦੇ ਹਨ।"

"ਜਦੋਂ ਮੈਂ ਤੇਰੀ ਉਮਰ ਦਾ ਸੀ, ਉਦੋਂ ਏਟੀਐੱਮ ਨਹੀਂ ਹੁੰਦੇ ਸਨ। ਸਾਨੂੰ ਬੈਂਕ ਜਾਣਾ ਪੈਂਦਾ ਸੀ ਅਤੇ ਲੰਬੀਆਂ ਕਤਾਰਾਂ ਵਿੱਚ ਉਡੀਕ ਕਰਨੀ ਪੈਂਦੀ ਸੀ। ਨਾਲ਼ੇ ਅਸੀਂ ਡਾਕਖ਼ਾਨੇ ਰਾਹੀਂ ਪੈਸੇ ਭੇਜਣ ਲਈ ਮਨੀ ਆਰਡਰ ਦੀ ਵਰਤੋਂ ਵੀ ਕਰਦੇ ਸੀ।

"ਪਰ ਹੁਣ, ਅਸੀਂ ਸਕਿੰਟਾਂ ਵਿੱਚ ਮੋਬਾਈਲ ਫ਼ੋਨ ਰਾਹੀਂ ਆਨਲਾਈਨ ਪੈਸੇ ਭੇਜ ਸਕਦੇ ਹਾਂ! ਇਸ ਵਾਰ ਰੱਖੜੀ 'ਤੇ ਮਾਮਾ ਜੀ ਨੇ ਮੇਰੇ ਮੰਮੀ ਜੀ ਨੂੰ ਸਾਡੇ ਲਈ ਤੋਹਫ਼ੇ ਖਰੀਦਣ ਵਾਸਤੇ ਪੈਸੇ ਭੇਜੇ ਸਨ," ਨਵਿਆ ਨੇ ਬੜੇ ਚਾਅ ਨਾਲ਼ ਕਿਹਾ।

"ਹਾਂ, ਤਕਨਾਲੋਜੀ ਨੇ ਚੀਜ਼ਾਂ ਨੂੰ ਬਹੁਤ ਸੌਖਾ ਬਣਾ ਦਿੱਤਾ ਹੈ", ਦਾਦਾ ਜੀ ਸਹਿਮਤ ਹੋਏ।

© NCERT not to be republished




## ਚਰਚਾ ਕਰੋ


ਜੇ ਤੁਸੀਂ ਕਿਸੇ ਨੂੰ ਪੈਸੇ ਭੇਜਣੇ ਹੋਣ, ਤਾਂ ਤੁਸੀਂ ਕਿਹੜਾ ਢੰਗ ਚੁਣੋਗੇ - ਫ਼ੋਨ, ਮਨੀ ਆਰਡਰ ਜਾਂ ਕੋਈ ਹੋਰ ਢੰਗ ਅਤੇ ਕਿਉਂ?

## ਲਿਖੋ



1. ਜੇਕਰ ਤੁਹਾਨੂੰ ਜੇਬ ਖ਼ਰਚ ਮਿਲ਼ਦਾ ਹੈ, ਤਾਂ ਕੀ ਤੁਸੀਂ ਇਸ ਨੂੰ ਬਚਾਉਂਦੇ ਹੋ? ਜੇ ਹਾਂ, ਤਾਂ ਤੁਸੀਂ ਆਪਣੀ ਬਚਤ ਕਿੱਥੇ ਰੱਖਦੇ ਹੋ ?
2. ਤੁਹਾਨੂੰ ਕਿਉਂ ਲੱਗਦਾ ਹੈ ਕਿ ਪੈਸੇ ਬਚਾਉਣਾ ਜ਼ਰੂਰੀ ਹੈ?
3. ਜ਼ਿਆਦਾ ਪੈਸੇ ਬਚਾਉਣ ਲਈ ਤੁਸੀਂ ਕਿਹੜੇ ਉਪਾਅ ਕਰ ਸਕਦੇ ਹੋ?
4. ਆਪਣੇ ਕਿਸੇ ਪਰਿਵਾਰਕ ਮੈਂਬਰ ਨੂੰ ਬੈਂਕ ਪਾਸਬੁੱਕ ਦਿਖਾਉਣ ਲਈ ਬੇਨਤੀ ਕਰੋ। ਇਸ ਪਾਸਬੁੱਕ ਦੇ ਪਹਿਲੇ ਪੰਨੇ ਉੱਤੇ ਦਰਜ ਮਹੱਤਵਪੂਰਨ ਜਾਣਕਾਰੀ ਨੋਟ ਕਰੋ।

© NCERT not to be republished




## ਗਤੀਵਿਧੀ 3

1. ਆਪਣੇ ਇਲਾਕੇ ਦੇ ਕਿਸੇ ਬੈਂਕ 'ਚ ਜਾਓ ਅਤੇ ਆਪਣੇ ਵੱਡਿਆਂ ਨੂੰ ਪੁੱਛੋ ਕਿ ਬੈਂਕ ਕੰਮ ਕਿਵੇਂ ਕਰਦਾ ਹੈ। ਇਸ ਤੋਂ ਬਾਅਦ ਹੇਠ ਲਿਖੇ ਸਵਾਲਾਂ ਦੇ ਜਵਾਬ ਦਿਓ:
   (ੳ) ਪੈਸੇ ਦੀ ਬਚਤ ਤੋਂ ਇਲਾਵਾ, ਲੋਕ ਬੈਂਕ ਦੀ ਵਰਤੋਂ ਹੋਰ ਕਿਸ ਕੰਮ ਲਈ ਕਰਦੇ ਹਨ?
   (ਅ) ਏਟੀਐੱਮ ਕੀ ਹੈ ਅਤੇ ਇਹ ਲੋਕਾਂ ਦੀ ਮਦਦ ਕਿਵੇਂ ਕਰਦਾ ਹੈ?

2. ਭਾਰਤੀ ਕਰੰਸੀ ਦਾ ਇੱਕ ਨੋਟ ਲਓ। ਇਸ ਨੂੰ ਧਿਆਨ ਨਾਲ਼ ਦੇਖੋ ਅਤੇ ਹੇਠ ਲਿਖੇ ਸਵਾਲਾਂ ਦੇ ਜਵਾਬ ਦਿਓ:

   (ੳ) ਨੋਟ ਦਾ ਕੀ ਮੁੱਲ ਹੈ?

   ______________________________

   (ਅ) ਤੁਸੀਂ ਇਸ ਨੋਟ ਉੱਪਰ ਕਿੰਨੀਆਂ ਭਾਸ਼ਾਵਾਂ ਦੇਖਦੇ ਹੋ?

   ______________________________

   (ੲ) ਨੋਟ ਉੱਪਰ ਕਿਹੜੀਆਂ-ਕਿਹੜੀਆਂ ਤਸਵੀਰਾਂ ਤੇ ਚਿੰਨ੍ਹ ਹਨ?

   ______________________________

**ਅਧਿਆਪਕ ਲਈ ਨੋਟ**

ਬੈਂਕ ਦਾ ਦੌਰਾ ਕਰਵਾਉਣ ਦਾ ਪ੍ਰਬੰਧ ਕਰੋ। ਇਸ ਬਾਰੇ ਚਰਚਾ ਕਰਕੇ ਵਿਦਿਆਰਥੀਆਂ ਨੂੰ ਤਿਆਰ ਕਰੋ ਕਿ ਉਹ ਦੌਰੇ ਦੌਰਾਨ ਬੈਂਕ ਵਿੱਚ ਕੀ ਦੇਖ ਅਤੇ ਸਿੱਖ ਸਕਦੇ ਹਨ। ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਅਤੇ ਪੈਸੇ ਦੇ ਸਹੀ ਪ੍ਰਬੰਧ ਦੀ ਪ੍ਰਕਿਰਿਆ ਨੂੰ ਗੌਰ ਨਾਲ਼ ਦੇਖਣ ਲਈ ਉਤਸ਼ਾਹਿਤ ਕਰੋ।

© NCERT not to be republished

**ਕੀ ਤੁਸੀਂ ਜਾਣਦੇ ਹੋ?**

ਬਹੁਤ ਸਮਾਂ ਪਹਿਲਾਂ, ਲੋਕ, ਵਸਤਾਂ ਅਤੇ ਸੇਵਾਵਾਂ ਦੀ ਅਦਲਾ-ਬਦਲੀ ਕਰਨ ਲਈ ਵਟਾਂਦਰਾ ਪ੍ਰਨਾਲ਼ੀ ਦੀ ਵਰਤੋਂ ਕਰਦੇ ਸਨ। ਉਦਾਹਰਨ ਵਜੋਂ, ਇੱਕ ਕਿਸਾਨ, ਚਰਵਾਹੇ ਤੋਂ ਦੁੱਧ ਦੇ ਬਦਲੇ ਕਣਕ ਦਾ ਆਦਾਨ-ਪ੍ਰਦਾਨ ਕਰ ਸਕਦਾ ਸੀ। ਹਾਲਾਂਕਿ, ਸਹੀ ਵਪਾਰੀ ਲੱਭਣਾ ਅਤੇ ਸਹੀ ਵਟਾਂਦਰਾ ਮੁੱਲ ਲਗਾਉਣਾ ਹਮੇਸ਼ਾ ਸੌਖਾ ਨਹੀਂ ਸੀ। ਵਸਤ-ਵਟਾਂਦਰੇ ਨੂੰ ਸਰਲ ਬਣਾਉਣ ਲਈ, ਪੈਸੇ ਦੀ ਕਾਢ ਕੱਢੀ ਗਈ ਸੀ।



## ਆਲ਼ੇ-ਦੁਆਲ਼ੇ ਵੱਲ ਝਾਤੀ ਮਾਰਦਿਆਂ

ਜਿਵੇਂ ਹੀ ਉਹ ਘਰ ਪਹੁੰਚੇ, ਨਵਿਆ ਦੌੜ ਕੇ ਆਪਣੇ ਭਰਾ ਕੋਲ਼ ਗਈ ਅਤੇ ਉਸ ਨਾਲ਼ ਆਪਣੇ ਅਨੁਭਵ ਸਾਂਝੇ ਕੀਤੇ।

ਜਨਤਕ ਥਾਂਵਾਂ ਲੋਕਾਂ ਨੂੰ ਸਿਹਤ, ਸੁਰੱਖਿਆ, ਸਫ਼ਾਈ ਜਾਂ ਵਾਤਾਵਰਨ ਨਾਲ਼ ਸੰਬੰਧਿਤ ਸੇਵਾਵਾਂ ਦੇ ਕੇ ਉਹਨਾਂ ਦੀ ਮਦਦ ਕਰਦੀਆਂ ਹਨ। ਇਹਨਾਂ ਥਾਂਵਾਂ ਵਿੱਚ ਹਸਪਤਾਲ, ਬੈਂਕ, ਡਾਕਖ਼ਾਨਾ, ਪੁਲਿਸ ਸਟੇਸ਼ਨ, ਪਬਲਿਕ ਲਾਇਬ੍ਰੇਰੀਆਂ, ਬੱਸ-ਅੱਡਾ ਆਦਿ ਸ਼ਾਮਲ ਹੋ ਸਕਦੇ ਹਨ।


ਨਵਿਆ ਪੈਂਸਲ ਅਤੇ ਕਾਗਜ਼ ਲੈ ਆਈ ਤੇ ਆਪਣੇ ਆਲ਼ੇ-ਦੁਆਲ਼ੇ ਦੇ ਇਲਾਕੇ ਦਾ ਚਿੱਤਰ ਉਲੀਕਣ ਲਈ ਬੈਠ ਗਈ।

ਉਸ ਨੇ ਚੜ੍ਹਦੇ ਸੂਰਜ ਦੇ ਅਨੁਸਾਰ ਪੂਰਬ ਦਿਸ਼ਾ ਦੀ ਪਛਾਣ ਕੀਤੀ। ਫਿਰ ਇਸ ਆਧਾਰ 'ਤੇ, ਉਸ ਨੇ ਆਪਣੇ ਘਰ ਦੇ ਆਲ਼ੇ-ਦੁਆਲ਼ੇ ਹੋਰ ਦਿਸ਼ਾਵਾਂ ਵਿੱਚ ਸਥਾਨ ਬਣਾਏ।

ਪੂਰਬ ਵਾਲ਼ੇ ਪਾਸੇ ਦੀਆਂ ਥਾਂਵਾਂ ਕਾਗਜ਼ ਦੇ ਸੱਜੇ ਪਾਸੇ ਦਿਖਾਈਆਂ ਹਨ। ਨਾਲ਼ ਹੀ, ਉੱਤਰ ਵੱਲ ਦੀਆਂ ਥਾਂਵਾਂ ਕਾਗਜ਼ ਦੇ ਉੱਪਰਲੇ ਪਾਸੇ ਦਿਖਾਈਆਂ ਗਈਆਂ ਹਨ, ਜਦੋਂ ਕਿ ਦੱਖਣ ਵੱਲ ਦੀਆਂ ਥਾਂਵਾਂ ਕਾਗਜ਼ ਦੇ ਹੇਠਾਂ ਦਰਸਾਈਆਂ ਗਈਆਂ ਹਨ। ਪੱਛਮ ਵੱਲ ਦੀਆਂ ਥਾਂਵਾਂ ਖੱਬੇ ਪਾਸੇ ਦਿਖਾਈਆਂ ਗਈਆਂ ਹਨ।

ਨਕਸ਼ੇ 'ਤੇ, ਦਿਸ਼ਾਵਾਂ ਇਸ ਪ੍ਰਕਾਰ ਦਿਖਾਈਆਂ ਗਈਆਂ ਹਨ - ਉੱਤਰ ਉੱਪਰ ਵੱਲ ਦਿਖਾਇਆ ਗਿਆ ਹੈ, ਦੱਖਣ ਹੇਠਾਂ ਵੱਲ, ਪੂਰਬ ਸੱਜੇ ਪਾਸੇ ਹੈ, ਅਤੇ ਪੱਛਮ ਖੱਬੇ ਪਾਸੇ ਹੈ।

© NCERT not to be republished




## ਲਿਖੋ


1. ਉੱਪਰ ਦਿੱਤਾ ਚਿੱਤਰ ਦੇਖੋ ਅਤੇ ਨਵਿਆ ਦੇ ਘਰ ਦੇ ਉੱਤਰ, ਪੂਰਬ, ਪੱਛਮ ਅਤੇ ਦੱਖਣ ਵਿੱਚ ਸਥਿਤ ਥਾਂਵਾਂ ਲਿਖੋ।

| ਦਿਸ਼ਾ | ਸਥਾਨ |
|---|---|
| ਉੱਤਰ | |
| ਪੂਰਬ | |
| ਪੱਛਮ | |
| ਦੱਖਣ | |

2. ਅਗਲੇ ਪੰਨੇ 'ਤੇ ਦਿਖਾਏ ਚਿੱਤਰ ਨੂੰ ਵੇਖੋ ਅਤੇ ਆਪਣੇ ਸਕੂਲ ਨੂੰ ਕੇਂਦਰ ਵਿੱਚ ਰੱਖ ਕੇ ਸੋਚੋ। ਆਪਣੇ ਸਕੂਲ ਦੇ ਨੇੜੇ ਸਥਿਤ ਇਮਾਰਤਾਂ ਜਾਂ ਖੇਤਰਾਂ ਦੇ ਨਾਮ ਉਹਨਾਂ ਦੀ ਦਿਸ਼ਾ ਅਨੁਸਾਰ ਲਿਖੋ।



© NCERT not to be republished




3. ਸੋਚੋ, ਤੁਸੀਂ ਆਪਣੇ ਦੋਸਤ ਨੂੰ ਸਕੂਲ ਦੇ ਨੇੜਲੀ ਆਪਣੀ ਮਨਪਸੰਦ ਥਾਂ 'ਤੇ ਜਾਣ ਦਾ ਰਸਤਾ ਦੱਸ ਰਹੇ ਹੋ। ਤੁਸੀਂ ਦਿਸ਼ਾਵਾਂ (ਖੱਬੇ, ਸੱਜੇ, ਅੱਗੇ, ਪਿੱਛੇ, ਆਦਿ) ਅਤੇ ਸਥਾਨ-ਚਿੰਨ੍ਹਾਂ (ਲੈਂਡਮਾਰਕਸ) ਦੀ ਵਰਤੋਂ ਕਰਕੇ ਇਸ ਨੂੰ ਕਿਵੇਂ ਸਮਝਾਓਗੇ?

ਸਥਾਨ ______________________________

ਹਦਾਇਤਾਂ ______________________________

______________________________

______________________________

______________________________

**ਅਧਿਆਪਕ ਲਈ ਨੋਟ**

ਵਿਦਿਆਰਥੀਆਂ ਨੂੰ ਅਜਿਹੇ ਸਥਾਨ-ਚਿੰਨ੍ਹਾਂ ਦੀ ਪਛਾਣ ਕਰਨ ਲਈ ਉਤਸ਼ਾਹਿਤ ਕਰੋ ਜੋ ਕਿਸੇ ਥਾਂ ਨੂੰ ਅਸਾਨੀ ਨਾਲ਼ ਪਛਾਣਨ ਵਿੱਚ ਮਦਦ ਕਰਦੇ ਹਨ। ਸਥਾਨ-ਚਿੰਨ੍ਹਾਂ ਦੀਆਂ ਉਦਾਹਰਨਾਂ ਦਿਓ।



© NCERT not to be republished

## ਗਤੀਵਿਧੀ 4

ਆਪਣੇ ਸਕੂਲ ਤੋਂ ਜਨਤਕ ਲਾਇਬ੍ਰੇਰੀ ਜਾਂ ਆਪਣੇ ਸਕੂਲ ਨੇੜੇ ਅਜਿਹੀ ਕਿਸੇ ਹੋਰ ਥਾਂ ਵੱਲ ਜਾਣ ਵਾਲ਼ਾ ਰਾਹ ਦਰਸਾਉਂਦਾ ਇੱਕ ਨਕਸ਼ਾ ਬਣਾਓ। ਸਥਾਨਕ-ਚਿੰਨ੍ਹ ਜਿਵੇਂ ਪਾਰਕ, ਦੁਕਾਨਾਂ, ਹਸਪਤਾਲ, ਬੱਸ ਅੱਡੇ ਆਦਿ ਨੂੰ ਨਕਸ਼ੇ 'ਤੇ ਪਛਾਣੋ।

© NCERT not to be republished

## ਆਓ ਵਿਚਾਰ ਕਰੀਏ

1. ਕਲਪਨਾ ਕਰੋ ਕਿ ਤੁਹਾਡੇ ਕੋਲ਼ 100 ਰੁਪਏ ਹਨ ਜੋ ਤੁਸੀਂ ਇਕ ਮਹੀਨੇ ਵਿੱਚ ਵਰਤਣੇ ਹਨ। ਤੁਹਾਡਾ ਕੰਮ ਇਹ ਯੋਜਨਾ ਬਣਾਉਣੀ ਹੈ ਕਿ ਕਿਵੇਂ ਸਮਝਦਾਰੀ ਨਾਲ਼ ਖ਼ਰਚ ਕਰਨਾ ਹੈ ਅਤੇ ਬਚਤ ਕਰਨੀ ਹੈ। ਸਟੇਸ਼ਨਰੀ, ਖਾਣ ਵਾਲ਼ੀਆਂ ਚੀਜ਼ਾਂ, ਖਿਡੌਣੇ ਆਦਿ ਦੇ ਆਪਣੇ ਖ਼ਰਚਿਆਂ ਬਾਰੇ ਸੋਚੋ। ਫ਼ੈਸਲਾ ਕਰੋ ਕਿ ਤੁਸੀਂ ਆਪਣੀ ਗੁੱਲਕ ਵਿੱਚ ਕਿੰਨਾ ਪੈਸਾ ਬਚਾਓਗੇ ਅਤੇ ਖ਼ਰਚਿਆਂ ਲਈ ਕਿੰਨਾ ਵਰਤੋਗੇ। ਇਹ ਯੋਜਨਾ ਬਣਾਉਣ ਤੋਂ ਬਾਅਦ ਸੋਚੋ ਕਿ ਪੈਸਾ ਬਚਾਉਣਾ ਭਵਿੱਖ ਵਿੱਚ ਕਿਵੇਂ ਮਦਦਗਾਰ ਹੋ ਸਕਦਾ ਹੈ।

   ਹੇਠਾਂ ਦਿੱਤੀ ਸਾਰਨੀ ਦੀ ਵਰਤੋਂ ਕਰਕੇ ਆਪਣਾ ਬਜਟ ਬਣਾਓ:

| ਸ਼੍ਰੇਣੀ | ਤੈਅ-ਸ਼ੁਦਾ ਰਕਮ | ਤੁਸੀਂ ਇਹ ਰਕਮ ਕਿਉਂ ਚੁਣੀ? |
|---|---|---|
| ਬਚਤ | | |
| ਖ਼ਰਚੇ | | |

2. ਸੋਚੋ ਕਿ ਤੁਹਾਡਾ ਗਰੁੱਪ ਆਪਣੇ ਆਲ਼ੇ-ਦੁਆਲ਼ੇ ਨੂੰ ਹੋਰ ਵਧੀਆ ਬਣਾਉਣ ਲਈ ਜ਼ੁੰਮੇਵਾਰ ਹੈ। ਵਿਚਾਰ-ਚਰਚਾ ਕਰੋ ਕਿ ਤੁਸੀਂ ਕਿਹੜੀਆਂ ਨਵੀਆਂ ਸੇਵਾਵਾਂ ਜਾਂ ਸਹੂਲਤਾਂ ਸ਼ਾਮਲ ਕਰਨੀਆਂ ਜਾਂ ਸੁਧਾਰਨੀਆਂ ਚਾਹੁੰਦੇ ਹੋ। ਦਰਸਾਓ ਕਿ ਇਹ ਬਦਲਾਅ ਸਮੁਦਾਇ ਦੇ ਹਰ ਵਿਅਕਤੀ ਦੀ ਕਿਵੇਂ ਸਹਾਇਤਾ ਕਰਨਗੇ।

3. ਇੱਕ ਕਲਾਸ ਗਤੀਵਿਧੀ ਦੇ ਰੂਪ ਵਿੱਚ, ਵੱਡਿਆਂ ਦੀ ਮਦਦ ਨਾਲ਼, ਆਪਣੇ ਆਲ਼ੇ-ਦੁਆਲ਼ੇ ਮੌਜੂਦ ਉਹਨਾਂ ਲੋਕਾਂ ਦੀ ਸੂਚੀ ਬਣਾਓ, ਜਿਨ੍ਹਾਂ ਨੇ ਕੋਵਿਡ-19 ਦੌਰਾਨ ਸਮੁਦਾਇ ਦੀ ਮਦਦ ਕੀਤੀ। ਇਹਨਾਂ ਵਿੱਚ ਡਾਕਟਰ, ਨਰਸਾਂ, ਕੂੜਾ ਚੁੱਕਣ ਵਾਲ਼ੇ, ਦੁਕਾਨਦਾਰ, ਅਧਿਆਪਕ ਅਤੇ ਹੋਰ ਸ਼ਾਮਲ ਹੋ ਸਕਦੇ ਹਨ। ਵਿਚਾਰ-ਚਰਚਾ ਕਰੋ ਕਿ ਉਹਨਾਂ ਨੇ ਕਿਵੇਂ ਭਾਈਚਾਰੇ ਨੂੰ ਸੁਰੱਖਿਅਤ ਬਣਾਇਆ ਅਤੇ ਉਹਨਾਂ ਦਾ ਧੰਨਵਾਦ ਕਰਨਾ ਕਿਉਂ ਜ਼ਰੂਰੀ ਹੈ।

© NCERT not to be republished

4. ਕੀ ਤੁਸੀਂ ਹੇਠਾਂ ਦਿੱਤੇ ਖਾਨਿਆਂ ਵਿੱਚ ਇਹਨਾਂ ਵਿੱਚੋਂ ਹਰੇਕ ਸੇਵਾ ਲਈ ਸੰਬੰਧਿਤ ਵਿਅਕਤੀਆਂ ਅਤੇ ਵਰਤੇ ਗਏ ਵਾਹਨਾਂ ਦੀ ਸੂਚੀ ਦੇ ਸਕਦੇ ਹੋ?

**ਪੁਲਿਸ ਸਟੇਸ਼ਨ**
- ਪੁਲਿਸ ਅਫ਼ਸਰ
- ਹੌਲਦਾਰ
- ਗਸ਼ਤ ਦੌਰਾਨ ਵਰਤੀ ਜਾਣ ਵਾਲ਼ੀ ਜੀਪ

**ਹਸਪਤਾਲ**

**ਫ਼ਾਇਰ ਸਟੇਸ਼ਨ**

**ਡਾਕਖ਼ਾਨਾ**

**ਲਾਇਬ੍ਰੇਰੀ**

© NCERT not to be republished